Acc. No.
2199

2199
Punjabi

1067
96

R-no 338 of 4/6/24
"Kale te Gore de swaljawab, arthat Goreshahi de dhol da pol."

ਸੱਭ ਹੱਕ ਰਾਖਵੇਂ ਹਨ।

੧ ਓ ਵਾਹਿਗੁਰੂ ਜੀ ਕੀ ਫਤਹ ॥

"ਕਾਲੇ" ਤੇ "ਗੋਰੇ"
ਦੇ ਸਵਾਲ ਜਵਾਬ
ਅਰਥਾਤ

# ਗੋਰਸ਼ਾਹੀ ਦੇ ਢੋਲ ਦਾ ਪੋਲ

ਕ੍ਰਿਤ ਕਵੀ

ਭਾਈ ਰਣਜੀਤ ਸਿੰਘ "ਤਾਜਵਰ"

Lib. 3182 Panj

ਅਕਾਲੀ ਪਰੈਸ ਅੰਮ੍ਰਿਤਸਰ ਵਿਚ ਭਾਃ ਗੁਰਬਚਨ ਸਿੰਘ 'ਅਕਾਲੀ'
ਪ੍ਰਿੰਟਰ ਦੇ ਯਤਨ ਨਾਲ ਛਪਿਆ। ਮੋਖ ≡)॥

NATIONAL ARCHIVES LIBRARY
No 2199
Date 14.2.72
GOVT. OF INDIA

੧ ੴ ਸਤਿਗੁਰ ਪ੍ਰਸਾਦਿ।

ਪੈਂਤੀਸ ਅੱਖਰੀ

# ਕਾਲਾ—ਗੋਰਾ

ਕਾਲਾ

ਊੜਾ ਉਠ ਆਇਓਂ ਕਿਥੋਂ ਦੇਸ ਸਾਡੇ,
ਅੰਦਰ ਆਜ਼ਜਾਂ ਦੇ ਲਹੂ ਨਾਉਂਣਿਆਂ ਵੇ।
ਤਰਸ ਕਰੇਂ ਨ ਰੱਬ ਦੇ ਬੰਦਿਆਂ ਤੇ,
ਮਾਸ ਚੂੰਡਕੇ ਹੱਡ ਕੁੜਕਾਣਿਆਂ ਵੇ।
ਖੀਵਾ ਫਿਰੇ ਤੂੰ ਰਾਜ ਦੇ ਨਸ਼ੇ ਅੰਦਰ,
ਮੁਰਦੇ ਕਬਰ ਦੇ ਕਢਕੇ ਖਾਣਿਆਂ ਵੇ।
ਆਖੇ ਲਗ ਨ ਬੁਹਤ ਸਤਾ ਸਾਨੂੰ,
ਕਰੀਂ ਰਬ ਦਾ ਖੌਫ ਜਰਵਾਣਿਆਂ ਵੇ।

ਉਹ ਜਾਲਮਾਂ ਦੀ ਨਿਸ਼ਾ ਖੂਬ ਕਰਦਾ, ਤੈਨੂੰ ਹਾਂਵੀਆਂ ਦੋਜਖੀ ਪਾ ਦੇਸੀ।
ਯਾਦ ਰਖ ਮਗਰੂਰ ਮਤਵਾਲਿਆ ਵੇ, ਤੜੇ "ਤਾਜਵਰ" ਸਭ ਉਡਾ ਦੇਸੀ।

(ਗੋਰਾ)

ਐੜਾ ਆਇਆ ਸਾਂ ਇੰਗਲਸਤਾਨ ਤੋਂ ਮੈਂ,
ਭਾਰਤ ਵਰਸ਼ ਮੈਂ ਕਰਨ ਬਿਓਪਾਰ ਕਾਲੇ।
ਐਪਰ ਦੇਖ ਏਥੇ ਮੋਮਨ ਹਿੰਦੂਆਂ ਨੂੰ,
ਹੁੰਦੇ ਫੁਟ ਦੇ ਨਿੱਤ ਸ਼ਿਕਾਰ ਕਾਲੇ।
ਰਾਤ ਦਿਨੇ ਸੀ ਖੜਕਦੀ ਤੇਗ ਰੈਂਹਦੀ,
ਦੁਖੀ ਹਿੰਦ ਦਾ ਸੀ ਨਰ ਨਾਰ ਕਾਲੇ।
ਆਦਮ ਜਾਤ ਦੀ ਕਰਨ ਨੂੰ ਹਮਦਰਦੀ,
ਹੋਈਆਂ ਤਦੋਂ ਮੈਂ ਬਹੁਤ ਲਚਾਰ ਕਾਲੇ।

ਆਖਿਰ ਝਗੜੇ ਕੁਲ ਸਿਮੇਟਣੇ ਨੂੰ, ਹਿੰਦ ਜਿਤਿਆ ਮਾਰ ਤਲਵਾਰ ਸੀ ਮੈਂ।
"ਤਾਜਵਰ" ਤਹਜੀਬ ਸਿਖਾਲ ਨਾਲੋ, ਬੇੜਾ ਹਿੰਦ ਦਾ ਲਾ ਦਿੱਤਾ ਪਾਰ ਸੀ ਮੈਂ।

(ਕਾਲਾ)

ਈੜੀ ਈਸਵੀ ਹੋਇਕੇ ਸਿਖ ਮੂਰਖ,
ਮਾਰੇ ਸਚ ਨੂੰ ਜੰਦਰੇ ਤਾਕੀਆਂ ਤੂੰ ।
ਹਿੰਦ ਲੁਟ ਖਾਹਦੀ ਹਿੰਦੂ ਮੋਮਨਾਂ ਦੇ,
ਵਿਚ ਪਾਇਕੇ ਆਪ ਨਚਾਕੀਆਂ ਤੂੰ ।
ਆਦਮ ਜ਼ਾਤ ਦਾ ਬਣੇਂ ਹਮਦਰਦ ਨਾਲੇ,
ਰੌਲਟ ਮਾਰਸ਼ਲ ਕਰੇਂ ਚਲਾਕੀਆਂ ਤੂੰ ।
ਹਿੰਦ ਨਾਲ ਤਲਵਾਰ ਦੇ ਕਹੇਂ ਜਿੱਤੀ,
ਮਾਰੇਂ ਝੂਠਿਆ ਝੂਠੀਆਂ ਫਾਕੀਆਂ ਤੂੰ ।
ਧੌਣ ਭੱਜਦੀ ਜਦੋਂ ਸਈ ਗ਼ਦਰ ਅੰਦ੍ਰ, ਓਥੇ ਗਈ ਸੀ "ਦੱਸ" ਤਲਵਾਰ ਤੇਰੀ।
ਸਾਨੂੰ ਦੱਸ ਗਈ ਖ਼ੂਬ ਤਹਜੀਬ ਨਾਲੋਂ, ਗੁਰੂ ਬਾਗ ਦੀ ਡਾਂਗ ਦੀ ਮਾਰ ਤੇਰੀ।

ਗੋਰਾ

ਸੱਸਾ ਸੋਚ ਵਿਚਾਰ ਕੇ ਦਸ ਮੈਂਨੂੰ,
ਮੈਂ ਫੁਟ ਹੈ ਕਿਸ ਤਰਹ ਪਾਈ ਕਾਲੇ।
ਮੇਰੇ ਸਿਰ ਝੂਠੀ ਤੁਹਮਤ ਲਾਇਕੇ ਤੂੰ,
ਕੀਤੀ ਕੱਤਰੀ ਕੁਲ ਗਵਾਈ ਕਾਲੇ ।
ਮੈਂ ਤਾਂ ਖੋਹਲਕੇ ਕਈ ਸਕੂਲ ਕਾਲਜ,
ਸੁੱਤੀ ਹਿੰਦ ਹੈ ਕੁਲ ਜਗਾਈ ਕਾਲੇ ।
ਪੈਹਲਾਂ ਤੁਸਾਂ ਨੂੰ ਅਕਲ ਨ ਮੌਤ ਹੀ ਸੀ,
ਹੁੰਦੇ ਕੁਲ ਸੀ ਨੀਮ ਸੌਦਾਈ ਕਾਲੇ।
ਸਾਥੋਂ ਮੁਲਕ ਨਹੀਂਸਾਂਭਿਆਜਾਂਵਦਾਏਹ,ਹਾਇ"ਤਾਜਵਰ"ਕਰੋਇਮਦਾਦ ਸਾਡੀ।
ਮੈਨੂੰ ਤੁਸਾਂ ਦੇ ਸੀ ਰਾਜੇ ਸਦ ਕੈਂਹਦੇ, ਸੁਣੋ ਸਾਹਿਬ ਜੀ ਇਹ ਫਰਯਾਦ ਸਾਡੀ।

(ਕਾਲਾ)

ਹਾਹਾ ਹਾਇ ਤੈਂਨੂੰ ਗਜ਼ਬ ਰਬ ਦਾ ਵੇ,
ਸਾਨੂੰ ਇਲਮ ਸਿਖਲਾਇ ਜਗੌਣ ਵਾਲੇ।

ਭੁਲ ਗਏ ਤੈਂਨੂੰ ਸਾਡੇ ਓਹ ਆਲਮ,
ਵੇਦ ਸ਼ਾਸਤ੍ਰ ਗ੍ਰੰਥ ਬਣੌਣ ਵਾਲੇ।
ਵਡੇ ਤੇਰੇ ਸੀ ਜਿਨਾਂ ਥੋਂ ਪੜ੍ਹਨ ਆਉਂਦੇ,
ਵਿੱਸਰ ਗਏ ਸੋ ਇਲਮ ਸਿਖਲੌਣ ਵਾਲੇ।
(ਧੋਵੇ ਹਥ ਨ ਹਗਕੇ—ਨ੍ਹਾਓ ਨੰਗੇ,)
ਆਕਿਲ ਮਟਦ ਹੋ ਬੜੇ ਕੈਹਲੌਣ ਵਾਲੇ।
ਹਾਇ "ਤਾਜਵਰ" ਝੂਠ ਕਿਓਂ ਬਕੇ ਮੂਰਖ, ਤੈਂਨੂੰ ਆਉਂਦੀ ਕੁਝ ਹਯਾ ਨਹੀਂ
ਪਾਟੋ ਧਾੜ ਪਾਕੇ ਬਾਂਦਰ ਵਡ ਕਰਨੀ, ਸਾਥੋਂ ਪੌਲਸੀ ਮੂਲ ਛੁਪਾ ਨਹੀਂ

**ਗੋਰਾ**

ਕੱਕਾ ਕਾਸ ਨੂੰ ਕਰੇ ਬਕਵਾਸ ਵਾਧੂ,
ਮੈਂਨੂੰ ਖੋਹਲਕੇ ਦਸ ਇਹ ਗੱਲ ਕਾਲੇ।
ਵੀਰ ਤੁਸਾਂ ਦੇ ਖੁਫੀਆ ਪੁਲਸ ਬਨਕੇ,
ਸਾਨੂੰ ਡਾਇਰੀਆਂ ਦੇਣ ਕਿਉਂ ਘੱਲ ਕਾਲੇ।
ਵਡੇ ਵਡੇ ਤੁਸਾਂਡੜੇ ਕੌਂਸਲਾਂ ਦੇ,
ਕਿਓਂ ਆਦਮੀ ਨੇ ਸਾਡੇ ਵੱਲ ਕਾਲੇ।
ਯਾਰਾਂ ਛਿਲੜਾਂ ਨੂੰ ਸੀਸ ਵੇਚ ਕਰਕੇ,
ਮੇਟਾ ਬਣੇ ਨੇ ਕਿਓਂ ਬਾਹੂ ਬੱਲ ਕਾਲੇ।
ਕੁਲ ਰੱਲ ਤੋਂ ਇਹੀ ਪ੍ਰਤੀਤ ਹੁੰਦਾ ਮੈਨੂੰ ਪਾਤਸ਼ਾਹ ਮੰਨਿਆਹਿੰਦ ਸਾਰੀ।
ਗਲ ਗਲ ਅੰਦਰ ਤਾਂ ਹੀ ਕੁਲ ਕਾਲੇ, ਮੇਰੀ "ਤਾਜਵਰ" ਕਰਨ ਵਫਾ ਦਾਰੀ।

**ਕਾਲਾ**

ਖੱਖਾ ਖਾਵਣੋਂ ਭੂੰਡ ਨੇ ਕਦੇ ਵਿਸ਼ਟਾ,
ਕੈਹਣੇ ਭੌਰਿਆਂ ਦੇ ਲੱਗ ਹੱਟਣਾ ਨਹੀਂ।
ਆਖੇ ਭੂੰਡ ਦੇ ਲੱਗਕੇ ਭੌਰਿਆਂ ਨੇ,
ਸ਼ੈਹਦ ਛਡਕੇ ਗੰਦ ਨੂੰ ਚੱਟਣਾ ਨਹੀਂ।
ਢੱਕੀ ਚੱਟਣੋ ਹੱਟਕੇ ਕੁਤਿਆਂ ਨੇ,

ਰਾਜ ਕਰਨ ਨੂੰ ਤਖਤ ਤੇ ਡੱਟਣਾ ਨਹੀਂ ।
ਤਿਵੇਂ ਲਟਰ ਪੋਚਾਂ ਕੌਮ ਘਾਤਕਾਂ ਨੇ,
ਝੋਲੀ ਚੁਕਣੋਂ ਕਦੇ ਪਲਟੱਣਾ ਨਹੀਂ।
ਖੈਰ ਖਵਾਹ ਜੋ ਆਪਣੇ ਦੇਸ ਦੇ ਨੇ, ਉਨਾਂ ਮੱਨਣਾ ਕਦੇ ਨਹੀਂ ਸ਼ਾਹ ਤੈਨੂੰ ।
ਬਹੁਤੇ "ਤਾਜਵਰ" ਦੇਹ ਪਰਮਾਣ ਨਾਹੀਂ ਝਲੀ ਚੁੱਕਣੇ ਦੇ ਖਾਹ ਮੁਖਾਹ ਮੈਂਨੂੰ ।

ਗੋਰਾ

ਗੱਗਾ ਗ਼ਜ਼ਬ ਓ ਬੰਦਿਆਂ ਦਾਨਿਆਂ ਨੂੰ,
ਵਿਸ਼ਟਾ ਖਾਣ ਵਾਲੇ ਭੰਡ ਕਹੇ ਕਾਲੇ।
ਬਾਗੀ ਹੋਇਕੇ ਆਪ ਸਰਕਾਰ ਦਾ ਤੂੰ,
ਸ਼ੋਹਦ ਖਾਵਣਾ ਭੌਰ ਬਣ ਬਹੇ ਕਾਲੇ।
ਨੈਹਰ, ਰੇਲ, ਦੇ ਸੁਖ ਭੁਗੌਣ ਵਾਲੇ,
ਤਾਂਈ ਬਾਦਸ਼ਾਹ ਨਹੀਂ ਮਨਹੇ ਕਾਲੇ।
ਕੁਲ ਨੇਕੀਆਂ ਮੇਰੀਆਂ ਭੁਲਕੇ ਤੂੰ,
ਮੇਰੇ ਨਾਲ ਹੀ ਆਣ ਹੁਣ ਖਹੇਂ ਕਾਲੇ।
ਗਲ ਦੇਖ ਤੇਰੀ ਬੇਮਰੱਵਤੀ ਦੀ, ਮੇਰਾ ਜੀਉੜਾ ਤੇਲ ਦੇ ਵਾਂਗ ਕੜਿਆ ।
ਸਤੂਸਾਲ ਦੀ ਦੋਸਤੀ ਤੋੜ ਨਾਹੀਂ, ਏਂਵੇ "ਤਾਜਵਰ" ਪਲਕ ਦੇ ਵਿਚ ਅੜਿਆ ।

"ਕਾਲਾ"

ਘੱਘਾ ਘੇਰ ਲੀਤਾ ਸੁੱਖਾਂ ਦੁੱਖ ਹੋਕੇ,
ਤੇਰੀ ਨੈਹਰ ਤੇ ਰੇਲ ਨੇ ਹਿੰਦ ਤਾਈਂ।
ਕੈਹਰ, ਨੈਹਰ ਨੇ ਘਤਿਆ ਮਾਮਲੇ ਦਾ,
ਕਾਲ, ਕੈਹਤ ਸਾਲੀ, ਕੱਢੇ ਜਿੰਦ ਤਾਈਂ।
ਰੇਲਾਂ ਮਦਦ ਦੇਵਣ ਦਾਣੇ ਖਿੱਚਣੇ ਦੀ,
ਹਿੰਦੁਸਤਾਨ ਵਿੱਚੋਂ ਰੇਲੀ ਰਿੰਦ ਤਾਈਂ।

ਖੱਟੀ ਖੱਟੋ ਤੇ ਕਰੋ ਪਰਬੰਧ ਪੱਕੇ,
ਜਿਥੇ ਚਾਹੋ ਓਥੇ ਇਕ ਬਿੰਦ ਮਾਹੀਂ।
ਘੰਡੀ ਘੁੱਟਕੇ ਮਾਰ ਨ ਸੱਕਦੇ ਹੋ, ਤੁਸਾਂ ਰੋਲਕੇ ਮਾਰਨੇ ਕਾਲੜੇ ਨੇ।
ਸੱਤ੍ਰ ਸਾਲ ਦੀ ਦੋਸਤੀ ਵਾਲੜੇ ਵੀ, ਤੇਰੇ "ਤਾਜਵਰ" ਵੱਬ ਨਿਰਾਲੜੇ ਨੇ।

"ਗੋਰਾ"

ਚੰਗਾ ਚੁੰਘ ਕਰਕੇ ਸ਼ੀਰ ਸਿੰਘਣੀ ਦਾ,
ਮੇਰੇ ਉਤੇ ਨ ਕਰੇਂ ਇਤਬਾਰ ਕਾਲੇ।
ਮੇਰੇ ਰਾਜ ਦਾ ਸੁੱਖ ਆਰਾਮ ਲੈਕੇ,
"ਔਰੰਗਸ਼ਾਹੀ" ਦੀ ਭੁਲਿਓਂ ਸਾਰ ਕਾਲੇ।
ਤੇਰੇ ਮਜ਼ਹਬ ਦਾ ਸੀ ਹੁੰਦਾ ਹਾਲ ਭੈੜਾ,
ਹੋਇਆ ਅੱਜ ਹੈ ਜੋ ਬਰਕਰਾਰ ਕਾਲੇ।
ਗੁਰਦਵਾਰਿਆਂ ਤੇਰਿਆਂ ਵਿੱਚ ਵੱਜੇ,
ਅੱਜ ਖੂਬ ਆਜ਼ਾਦ ਸਤਾਰ ਕਾਲੇ।
ਚੰਗਾ ਏਸ ਤੋਂ ਵਧਕੇ ਹੋਰ ਤੈਨੂੰ, ਦਵਾਂ ਕ ਸਬੂਤ ਮੈਂ ਦੋਸਤੀ ਦਾ?
ਹਰਦਮ ਵੈਹਮ ਦੇ ਵਿੱਚ ਹੋ ਗ਼ਰਕ ਰੈਹਣਾ, ਹੁੰਦਾ ਕੰਮ ਹੈ "ਤਾਜਵਰ" ਪੋਸਤੀ ਦਾ?

"ਕਾਲਾ"

ਛੱਡਾ ਛੱਡ ਦੇਹ ਜ਼ਿਕਰ ਹੁਣ ਦੋਸਤੀ ਦਾ,
ਕਾਹਨੂੰ ਜਿਗਰ ਮੇਰਾ ਪਿਆ ਤਾਂਵਦਾ ਹੈਂ।
ਗੁਰਦੁਵਾਰਿਆਂ ਦੇ ਕਦੇ ਬਿੱਲ ਵਿੱਚੋਂ,
ਕੱਢ ਕੱਢ ਕੇ ਬਿੱਲ ਡਰਾਂਵਦਾ ਹੈਂ।
ਸਾਡੀ ਜਾਨ ਕ੍ਰਿਪਾਨ ਨੂੰ ਜ਼ਬਤ ਕਰਕੇ,
ਗੀਤ ਆਮ ਆਜ਼ਾਦੀ ਦੇ ਗਾਂਵਦਾ ਹੈਂ।
ਇਡੇ ਜ਼ੁਲਮ ਕਰਕੇ ਰਾਜ ਆਪਣੇ ਨੂੰ,
ਔਰੰਗਸ਼ਾਹੀ ਦੇ ਨਾਲ ਟਕਰਾਂਵਦਾ ਹੈਂ।
ਛੇੜ ਬਿੱਲ ਦੇਣਾ ਗੁਰਦੁਵਾਰਿਆਂ ਦਾ, ਔਰੰਗਸ਼ਾਹੀ ਦਾ ਕੋਈ ਕਾਨੂੰਨ ਨਹੀਂ ਸੀ।
ਜ਼ਬਤ ਕਰਨ ਦਾ "ਤਾਜ" ਕ੍ਰਿਪਾਨ ਹੋਇਆ, ਔਰੰਗਜ਼ੇਬ ਨੂੰ ਕਦੇ ਜਾਨੂੰਨ ਨਹੀਂ ਸੀ।

"ਗੋਰਾ"

ਜੱਜਾ ਜਾਹ ਅਕ੍ਰਿਤਘਨ ਮੂਰਖਾ ਓਇ,
ਜਾਤਾ ਮੇਰਾ ਨ ਕਦਰ ਤੂੰ ਕੁੱਛ ਕਾਲੇ।
ਹੁੰਦੀ ਭੁੱਖ ਸੀ ਕਿਸ ਤਰ੍ਹਾਂ ਹਿੰਦ ਅੰਦਰ,
ਜਾਕੇ ਵਡਿਆਂ ਤੋਂ ਲੈ ਪੁੱਛ ਕਾਲੇ।
ਅੱਠੀਂ ਪੈਹਰੀਂ ਵੀ ਟੁੱਕ ਨ ਲੱਭਦਾ ਸੀ,
ਮਰ ਜਾਂਵਦੇ ਸੀ ਲੁੱਛ ਲੁੱਛ ਕਾਲੇ।
ਭਰਨ ਵਾਸਤੇ ਪੇਟ ਨੂੰ ਖਾਂਵਦੇ ਸਨ,
ਘਾਹ ਪੱਤਿਆਂ ਨੂੰ ਤੱਛ ਮੁੱਛ ਕਾਲੇ।
ਜੱਗ ਵਿੱਚ ਨ ਤੁਸਾਂ ਦੇ ਤੁੱਲ ਕੋਈ, ਭਰਕੇ ਪੇਟ ਨੂੰ ਅੱਜ ਹੈ ਟੁੱਕ ਖਾਂਦਾ
"ਤਾਜਵਰ" ਜੇਹੜਾ ਮੇਰੇ ਆਉਣ ਨਾਲੋਂ, ਪੈਹਲੋਂ ਹੋਂਵਦਾ ਸੀ ਹੱਦੋਂ ਵੱਧ ਮਾਂਦਾ।

(ਕਾਲਾ)

ਝੱਜਾ ਝੂਠਿਆ ਜਿਗਰ ਨ ਪਾੜ ਮੇਰਾ,
ਸਚੋ ਸਚ ਮੈਥੋਂ ਗਲਾਂ ਪੁੱਛ ਕੇ ਓਇ।
ਆਟਾ ਸੇਰ ਰੁਪੈ ਨੂੰ ਲਭਦਾ ਨਹੀਂ,
ਕੀਤਾ ਹਿੰਦ ਕੰਗਾਲ ਤੂੰ ਮੁਛਕੇਓਇ।
ਪਤੇ ਘਾਹ ਅਨਾਜ ਸਭ ਲੁੱਟ ਖਾਹਦਾ,
ਸਾਡੀ ਬਾਗ ਖੇਤੀ ਤੱਛ ਤੁੱਛ ਕੇਓਇ।
ਹਿੰਦੂਸਤਾਨ ਅੰਦਰ ਮਾਵਾਂ ਪੁਤਰਾਂ ਨੂੰ,
ਖਾਵਣ ਮਰਦੀਆਂ ਭੁਖੀਆਂ ਲੁਛਕੇਓਇ।
ਤਰਸ ਰਹੇ ਨੇ "ਤਾਜਵਰ" ਅਜ ਹਿੰਦੀ, ਹਾਇ ਤ੍ਰਸਦੇ ਸੁੱਕੀਆਂ ਰੋਟੀਆਂ ਨੂੰ।
ਕਿਤੇ ਹੋਰ ਵੀ ਹੂਏ ਜਮੀਨ ਉੱਪਰ, ਮਾਵਾਂ ਖਾਂਦੀਆਂ ਨੇ ਪੁਤਾਂ ਬੋਟੀਆਂ ਨੂੰ।

ਗੋਰਾ

ਟੈਕਾਂ ਟਾਕਰਾ ਕਾਸ ਨੂੰ ਲਾਇਆ ਈ,
ਤੇਰੇ ਵਡਿਆਂ ਦੀ ਸੀ ਇਹ ਚਾਲ ਕਾਲੇ।

ਪੈਸਾ ਨਿਕਲਦਾ ਨਹੀਂ ਸੀ ਜੇਬ ਵਿਚੋਂ,
ਲੈਣ ਵਾਸਤੇ ਲੂਣ ਦੇ ਦਾਲ ਕਾਲੇ।
ਇਕ ਸੌ ਰੁਪੈਆ ਸੀ ਪਾਸ ਜਿਦੇ,
ਉਸ ਨੂੰ ਸਮਝਦੇ ਸੀ ਮਾਲੋ ਮਾਲ ਕਾਲੇ।
ਐਪਰ ਅਜ ਦੇ ਤਾਂ ਭੁੱਖੜ ਚੂਹੜੇ ਵੀ,
ਉਨਾਂ ਸ਼ਾਹਾਂ ਤੋਂ ਹੈਨ ਖੁਸ਼ਹਾਲ ਕਾਲੇ।
ਟਾਹਰਾਂ ਮਾਰ ਨਾਹੀ ਮਤਵਾਲਿਆ ਓਇ, ਅਜ "ਤਾਜਵਰ" ਦੇਖਕੇ ਮਾਇਆ ਨੂੰ।
ਭੋਗੇਂ ਲਛਮੀ ਜਿਦੇ ਅਜ ਰਾਜ ਅੰਦਰ, ਦੇਹ ਅਸੀਸ ਮੇਰੀ ਛਤਰ ਛਾਇਆ ਨੂੰ।

(ਕਾਲਾ)

ਠੱਠਾ ਠਗਿਆ ਈ ਹਿੰਦੁਸਤਾਨ ਭੋਲਾ,
ਕੀਤੇ ਲੁੱਟਕੇ ਕੁਲ ਕੰਗਾਲ ਹਿੰਦੀ।
ਨੋਟ ਸਾਡਿਆਂ ਖੀਸਿਆਂ ਵਿਚ ਰੈਹ ਗਏ,
ਲੰਡਨ ਲੈ ਵੜਿਓਂ ਨਕਦ ਮਾਲ ਹਿੰਦੀ।
ਦਾਣਾ ਇਕ ਨ ਛਡਿਆ ਖਾਵਣੇ ਨੂ,
ਭੁਖੇ ਮਰਨ ਆਜਜ਼ ਬੁਢੇ ਬਾਲ ਹਿੰਦੀ।
ਦਿੱਸਣ ਬਣੇ ਕਰੋੜਾਂ ਦੇ ਪਤੀ ਐਪਰ,
ਨਿਰੀ ਕਾਗਤਾਂ ਪੰਡ ਸੰਭਾਲ ਹਿੰਦੀ।
ਠੱਗਾ ਠਗਕੇ "ਤਾਜਵਰ" ਦੇਸ ਸਾਡਾ, ਰਖੇ ਅਸਾਂ ਤੋਂ ਆਸ ਅਸੀਸ ਵਾਲੀ।
ਚੂਹੀ ਚੁਕ ਬਣਾਈਊ ਕਾਗਤਾਂ ਦੀ, ਜੇਹੜੀ ਚਿੜੀ ਸੀ ਸੋਨੇ ਦੀ ਅਸਾਂ ਪਾਲੀ।

(ਗੋਰਾ)

ਡੱਡਾ ਡੈਮਫੂਲ! ਸੋਨੇ ਦੀ ਚਿੜੀ ਆਖੇਂ,
ਮੈਥੋਂ ਅਗਦੀ ਸੀ ਹਿੰਦੁਸਤਾਨ ਕਾਲੇ।
ਐਪਰ ਇਸ ਦੇ ਵਿਚ ਤਾਂ ਹੋਂਵਦੇ ਸੀ,
ਜੰਗਲ ਸੰਙਣੇ ਤੇ ਬੀਆਬਾਨ ਕਾਲੇ।
ਵਿਚ ਜਿਨਾਂ ਦੇ ਸੂਰ ਬਘੇਲਿਆਂ ਦਾ,

ਹੁੰਦੇ ਨਿਤ ਸੀ ਖਬ ਘਮਸਾਨ ਕਾਲੇ।
ਖੇਤੀ ਫਸਲ ਦੀ ਬਾਉਂ ਸੀ ਓਸ ਵੇਲੇ,
ਚਾਰੋਂ ਤਰਫ ਸੀ ਆਮ ਸੁਨਸਾਨ ਕਾਲੇ।
ਢੀਲ ਤੁਸਾਂ ਦੀ ਕਦੀ ਨ ਏਹ ਹੁੰਦੀ, ਜੇਕਰ ਮੈਂ ਨ ਆਂਵਦਾ ਹਿੰਦ ਅੰਦਰ।
ਟੁਕ ਤੁਸਾਂ ਨੂੰ "ਤਾਜਵਰ" ਲਭਦਾ ਨਾ, ਮਰ ਜਾਂਵਦੀ ਹਦ ਇਕ ਬਿੰਦ ਅੰਦਰ।

(ਕਾਲਾ)

ਢੱਢਾ ਢੋਰ ਅਸਾਡੜੇ ਮਰਨ ਭੁਖੇ,
ਜੰਗਲ ਵੇਚਕੇ ਨਫਾ ਤੂੰ ਖੱਟਿਆ ਈ।
ਬਾਘ, ਸ਼ੇਰ, ਦਾ ਮਿਲੇ ਸ਼ਿਕਾਰ ਨਾਹੀਂ,
ਤਾਂ ਹੀ "ਛੜ੍ਹੀ" "ਖੜ੍ਹੀ" ਵੱਟਿਆ ਈ।
ਗਊਆਂ ਮਰਨ ਜੋ ਭੁਖੀਆਂ ਘਾਹ ਬਾਝੋਂ,
ਮਾਸ ਉਨ੍ਹਾਂ ਦਾ ਖਾਣ ਨੂੰ ਕੱਟਿਅ ਈ।
ਜੂਹਾਂ ਜੰਗਲਾਂ ਤਾਂਈ ਬਰਬਾਦ ਕਰਕੇ,
ਦੇਣੇ ਪਿਆਰ ਤੇ ਅਸਾਂ ਨੂੰ ਛੱਟਿਆ ਈ।
ਢਾਹੀਂ ਮਾਰ ਰੁੰਨੇ ਹਿੰਦੁਸਤਾਨ ਵਾਲੇ, ਅਜ "ਤਾਜਵਰ" ਜੰਗਲਾਂ ਉਜੜਿਆਂ ਨੂੰ।
ਮਖਣ ਦੁਧ ਸਾਂ ਜਿਨ੍ਹਾਂ ਤੂੜੇਲ ਖਾਂਦੇ, ਅਜ ਧਾਂਏ ਸੁਕਿਆਂ ਟੁਕੜਿਆਂ ਨੂੰ।

(ਗੋਰਾ)

ਤੱਤਾ ਤੈਂਡੜੇ ਅਜ ਦਮਾਗ ਅੰਦਰ,
ਜਾਪੇ ਹੋ ਗਿਆ ਕੁਝ ਫਤੂਰ ਕਾਲੇ।
ਦੇਖ ਪਸੂ ਤੋਂ ਆਦਮੀ ਜਾਤ ਕੀਤਾ,
ਅਸਾਂ ਆਨਕੇ ਤੁਧ ਜਰੂਰ ਕਾਲੇ।
ਲਠੇ ਮਲਮਲਾਂ ਸਿਲਕ ਹੰਡਾਵਣੇ ਦਾ,
ਤੈਨੂੰ ਦਸਕੇ ਕੁਲ ਦਸਤੂਰ ਕਾਲੇ।
ਖੱਦਰ ਵੱਡ ਜੋ ਬਦਨ ਨੂੰ ਖਾਂਵਦਾ ਸੀ,
ਕੀਤਾ ਹਿੰਦ ਤੋਂ ਮੈਂ ਚੁਕ ਦੂਰ ਕਾਲੇ।

ਤੈਨੂੰ ਆਂਵਦੀ ਅਜੇ ਵੀ ਸ਼ਰਮ ਨਾਹੀਂ, ਝੇੜੇ ਕਰੇਂ ਬੈਠਾ ਮੇਰੇ ਨਾਲ ਕਬੇ।
ਨਹੀਂ ਤੇ ਤਾਜਵਰ ਹਿੰਦ ਦੇ ਵਿਚ ਪੈਹਲਾਂ, ਫਿਰਦੇ ਨਗਨ ਸੀ ਮਰਦ ਬੇਪਰਦ ਸਭੇ।

(ਕਾਲਾ)

ਥੱਥਾ ਥੋਥੀਆਂ ਮਲਮਲਾਂ ਤੇਰੀਆਂ ਨੂੰ,
ਅਸੀ ਗਫਲਤਾਂ ਵਿਚ ਹੰਡਾਂਵਦੇ ਸਾਂ।
ਤੇਰੇ ਚਿਗਨ ਦੇ ਨਾਲ ਪਿਆਰ ਪਾਕੇ,
ਗਊਆਂ ਕਈ ਕਰੋੜ ਕੁਹਾਂਵਦੇ ਸਾਂ।
ਖਦਰ ਪਾਉਣ ਦੀ ਰਸਮ ਵਿਸਾਰ ਕਰਕੇ,
ਪਾਪ ਆਪਣੇ ਸਿਰੀਂ ਉਠਾਂਵਦੇ ਸਾਂ।
ਚਾਬੀ ਨੱਟ ਗਵਾਰਨਟ ਪੈਹਨ ਛੱਬੀ,
ਹਿੰਦੂ ਨਾਮ ਧ੍ਰੀਕ ਅਖਾਂਵਦੇ ਸਾਂ।
ਥੁੜੋਂ ਦਧ ਮਾਲੀਆਂ ਮਖਣਾਂ ਦੀ, ਭਾਰਤ ਵਿਚ ਕੀਤੀ ਲਠ ਮਲਮਲਾਂ ਨੇ।
ਰਾਜੇ ਹਿਦ ਦੇ ਕੁਲ ਗੁਲਾਮ ਕੀਤੇ, ਕੀਤੇ "ਤਾਜਵਰ" ਤੇ ਿਆਂ ਮਖਮਲਾਂ ਨੇ।
ਦੱਦਾ ਦਸ ਖਾਂ ਹੋਇਕੇ ਸ਼ੇਹਨਸ਼ਾਹ ਮੈਂ,
ਕੇਹੜਾ ਸਾਂਭਿਆ ਹਿੰਦ ਦਾ ਦਾਜ ਕਾਲੇ।
ਹਿੰਦੁਸਤਾਂਨ ਦੇ ਰਾਜਿਆਂ ਰਾਣਿਆਂ ਦਾ,
ਖੋਹਿਆ ਨਹੀਂ ਮੈਂ ਤਖਤ ਤੇ ਤਾਜ ਕਾਲੇ।
ਪੂਜਾ ਬੇਮੁਹਾਰ ਸੀ ਮੂਲ ਜਿਹੜੀ,
ਕੀਤਾ ਓਸ ਤੇ ਕਾਇਮ ਮੈਂ ਰਾਜ ਕਾਲੇ।
ਗਰਜ ਰਾਜ ਸੁਧਾਰਕੇ ਹਿੰਦ ਦਾ ਮੈਂ,
ਹਿੰਦੁਸਤਾਨ ਦੀ ਰਖ ਲਈ ਲਾਜ ਕਾਲੇ।
ਦੁਨੀਆਂ ਵਿਚ ਮਸ਼ਹੂਰ ਹੈ ਮਿਲੇ ਸਭ ਨੂੰ, ਫਲ ਬੁਰਾ ਯਾ ਭਲਾ ਅਨੁਸਾਰ ਕਰਨੀ।
ਐਪਰ ਤਾਜਵਰ ਮੁਝ ਗਰੀਬ ਨੂੰ ਤਾਂ, ਕਲੇ ਕੰਮ ਦੀ ਪਈ ਹੈ ਬੁਰੀ ਭਰਨੀ।

(ਕਾਲਾ)

ਧੱਧਾ ਧੁਖਦੀ ਅੱਗ ਭੜਕਾਵਣੇ ਨੂੰ,

ਕਾਹਨੂ ਰਾਜ ਦਾ ਵੇਰਵਾ ਛੇੜਿਓਈ।
ਮਿਤ੍ਰ ਤਾਈ ਸੀ ਜਿਨਾਂ ਦੇ ਨਾਲ ਗੰਡੀ,
ਚੁਕ ਉਨਾਂ ਦਾ ਰਾਜ ਨਿਬੇੜਿਓਈ ।
ਬੂਟਾ ਖਾਲਸਈ ਰਾਜ ਦਾ ਦੇਸ ਵਿਚੋਂ,
ਧੋਖੇ ਨਾਲ ਚਾਹ ਜੋੜ ਉਖੇੜਿਓਈ ।
ਮੁਲਕ ਦੱਬਕੇ ਇਕ ਕਰੋੜ ਵਿਚੇ,
ਚੰਗਾ ਕੰਮ ਕੀ ਤੁਧ ਸਹੇੜਿਓਈ।
ਧੋਕੇ ਨਾਲ ਦਲੀਪ ਸਿੰਘ ਪਕੜ ਸਾਡਾ, ਲੰਦਨ ਲੈ ਵੜਿਓਂ ਬਾਂਰਾਂ ਬਰਸ ਦਾਈ।
ਕੇਹੜੇ ਦੇਸਦੇ ਵਿਚ ਓਹ ਮਾਰਿਆਈ, ਦੇਸੀ ਕਵਨ ਨੂੰ 'ਤਾਜਵਰ' ਤਰਸਦਾ ਈ।

(ਗੋਰਾ)

ਨੱਠਾ ਨਹੀਂ ਸੀ ਕਿਸੇ ਨੂ ਸੁਖ ਮਾਸਾ,
ਸਿਖਾ ਸ਼ਾਹੀ ਦੇ ਰਾਜ ਦੇ ਵਿੱਚ ਕਾਲੇ।
ਫੌਜ ਵਢਦੀ ਸੀ ਦਿਨੇ ਰਾਜਿਆਂ ਨੂ,
ਬਿਨਾਂ ਪੁਛ ਤੇ ਬਾਝ ਹੜਿੱਚ ਕਾਲੇ।
ਮਾਰੋ ਮਾਰ ਮਚਾਈ ਸੀ ਬੁਰਛਿਆਂ ਨੇ,
ਹੋਈ ਕੁਲ ਮਖਲੂਕ ਸੀ ਜਿੱਚ ਕਾਲੇ।
ਏਸੇ ਵਾਸਤੇ ਤੁਝ ਨੂ ਚੰਦ ਫੇਰਾਂ,
ਮਦਦ ਵਾਸਤੇ ਲਿਆ ਸੀ ਖਿੱਚ ਕਾਲੇ ।
ਨਾਮ ਮਾਤ੍ਰ ਨਹੀਂ ਸੀ ਦੇਸ ਅੰਦਰ, ਕੋਈ ਜਾਣਦਾ ਕੜਾ ਕਨੂਨ ਬੰਦੇ ।
ਗਲ ਛਡ ਦੇਹ "ਤਾਜਵਰ" ਡਾਕਿਆਂ ਦੀ, ਕੋਈ ਨਹੀਂ ਸੀ ਪੁਛਦਾ ਖੂੰਨ ਬੰਦੇ॥

(ਕਾਲਾ)

ਪੱਪਾ ਪਾਗਲਾ ਗਲ ਤੂੰ ਨਾਲ ਮੇਰੇ,
ਕੀਤੀ ਰਤਾ ਨ ਸੋਚ ਵਿਚਾਰਕੇ ਓਇ।
ਤੈਨੂੰ ਭੁਲ ਗਏ ਅਜ ਕਾਨੂੰਨ ਰਾਜੇ,
ਸ਼ੇਰ ਸਿੰਘ ਬਲਵਾਨ ਬਲਕਾਰਦੇ ਓਇ।

ਬੁਰਛੇ ਰਾਜਿਆਂ ਤਾਈਂ ਸੀ ਲੁਟ ਖਾਂਦੇ,
ਆਕੀ ਹੋਇਕੇ ਰਾਜ ਦਰਬਾਰ ਦੇ ਓਇ।
ਐਪਰ ਲੁਟਦੇ ਅੱਜ ਨਿਹਥਿਆਂ ਨੂੰ,
ਨੌਕਰ ਰੈਨ ਜੋ ਖਾਸ ਸਰਕਾਰ ਦੇ ਓਇ।
ਖੁਲਸ ਲੁਟ ਦੀ ਹੈ ਪਿੰਡੋ ਪਿੰਡ ਫਿਰਦੀ, ਕਿਰਚਾਂ ਚੋਸਕੇ ਪੈਹਨ ਕੇ ਸ਼ਾਹੀ ਵਰਦੀ।
ਡਾਹਡੀ "ਤਾਜਵਰ" ਅਜ ਮਚਾਈ ਹੈ ਤੂੰ, ਹਿੰਦੁਸਤਾਨ ਦੇ ਵਿਚ ਕਾਨੂੰਨ ਗਰਦੀ।

(ਗੋਰਾ)

ਫੱਫਾ ਫੋਲਕੇ ਦੇਖ ਇਤਹਾਸ ਪਿਛਲੇ,
ਤੇਰਾ ਉਤਰੂ ਸਿਰੋਂ ਗ਼ਰੂਰ ਕਾਲੇ।
ਭੁਲ ਗਿਆ ਹੈ ਜਦੋਂ ਸੀ ਪਿਆ ਹੁੰਦਾ,
ਕੁਲ ਦੇਸ ਦੇ ਵਿਚ ਫਤੂਰ ਕਾਲੇ।
ਅਗ ਜ਼ੁਲਮ ਦੀ ਨਾਲ ਸੀ ਲਾਲ ਹੋਇਆ,
ਹਿੰਦੁਸਤਾਨ ਇਹ ਵਾਂਗ ਤੰਦੂਰ ਕਾਲੇ।
ਐਪਰ ਅਜ ਕਈ ਮੇਰੇ ਰਾਜ ਅੰਦਰ,
ਜ਼ੁਲਮ ਹੋਣ ਦਾ ਨਹੀਂ ਦਸਤੂਰ ਕਾਲੇ।
ਫਿਰੇਂ ਅਜੇ ਵੀ ਨਿੰਦ ਦਾ "ਤਾਜਵਰ" ਵੇ, ਹਿੰਦੁਸਤਾਨ ਦੇ ਵਿਚ ਕਾਨੂੰਨ ਮੇਰਾ।
ਯਾਦ ਰਖ ਅਕਾਲੀਆਂ ਪਲਕ ਅੰਦਰ, ਲਾਹ ਦੇਵਸਾਂ ਕੁਲ ਜਾਨੂੰਨ ਤੇਰਾ।

(ਕਾਲਾ)

ਬੱਬਾ ਬੁਰਾ ਕਾਨੂੰਨ ਤਾਊਨ ਨਾਲੋਂ,
ਲਹੂ ਚੂਸਦਾ ਹੈ ਹਿੰਦੁਸਤਾਨੀਆਂ ਦਾ।
ਰੌਲਟ ਐਕਟ ਤੇ ਮਾਰਸ਼ਲ ਲਾ ਤੇਰਾ,
ਹੈ ਸਬੂਤ ਕਾਨੂੰਨ ਸ਼ੈਤਾਨੀਆਂ ਦਾ।
ਮੈਨੂੰ ਖੂਬ ਹੈ ਯਾਦ ਕਨੂੰਨ ਜੇਹੜਾ,
ਕਰਦਾ ਨਸ਼ਰ ਸੀ ਸਤਰ ਜਨਾਨੀਆਂ ਦਾ।
ਬੈਤ ਕੋਟੜੇ ਚਕੀਆਂ ਜਹਲ ਖਾਨੇ,

ਭੁਲੇ ਨਹੀਂ ਚੇਤਾ ਮੇਹਰ ਬਾਨੀਆਂ ਦਾ ।

ਬੈਠਾ ਜਿਨਾਂ ਤੋਂ "ਤਾਜਵਰ" ਕੰਬਦਾ ਸੀ, ਕਦੇ ਸਤਲਜੋਂ ਪਾਰ ਕਾਨੂੰਨ ਗੋਇਆ ।
ਅਜ ਉਨਾਂ ਦੀ ਭੈਣ ਬੇਪੜਦ ਕਰਕੇ, ਫੋਟੋ ਲੈਣ ਦਾ ਆਣ ਜਨੂੰਨ ਹੋਇਆ ।

(ਗੋਰਾ)

ਭੱਭਾ ਭੈੜਿਆ ਰਤਾ ਨ ਕਦਰ ਪਾਈ,
ਨੇਕੀ ਮੇਰੀ ਤੂੰ ਕੁਲ ਭੁਲਾਈ ਕਾਲੇ ।
ਕੀਤੀ ਕਤੱਰੀ ਅਗਲੀ ਪਿਛਲੀ ਵੀ,
ਚੁਕ ਖੂਹ ਦੇ ਵਿਚ ਤੂੰ ਪਾਈ ਕਾਲੇ ।
ਸੱਤੂ ਸਾਲ ਦੀ ਦੋਸਤੀ ਮੂਰਖਾ ਓਏ,
ਇਕ ਪਲਕ ਮੈਂ ਤੋੜ ਗਵਾਈ ਕਾਲੇ ।
ਜਿਨੇ ਪਾਲਿਆ ਸੀ ਪੁ ਾਂ ਵਾਂਗ ਤੈਨੂੰ,
ਓਹਦੇ ਨਾਲ ਹੀ ਅੰਤ ਤੈਂ ਚ ਈ ਕਾਲ਼ੇ ।

ਭਲਾ "ਤਾਜਵਰ" ਕਰ ਕੀ ਸਕਦਾ ਹੈ, ੇਰਾ ਵਾਂਗ ਚਨੂੰਨਿਆਂ ਟ ਪਕੇ ਓਇ ।
ਬਹੁਤਾ ਕਵੇਂਗਾ ਲਾਡ ਤਾਂ ਯਾਦ ਰਖੀ, ਰਖੂੰ ਜ਼ੋਰ ਦੇ ਨਾਲ ਮੈਂ ਨਪਕੇ ਓਇ ।

(ਕਾਲਾ)

ਮੱਮਾ ਮਿਲ ਚੁਕਾ ਸਾਨੂੰ ਖੂਬ ਿੱਟਾ,
ਤੇਰੀਆਂ ਅਗਲੀਆਂ ਪਿਛਲੀਆਂ ਯਾਰੀਆਂ ਦਾ ।
ਰੋਲਟਬਿਲ ਇਨਾਮ ਤੂੰ ਖੂਬ ਦਿਤਾ,
ਯੂਰਪ ਵਿਚ ਜਾਕ ਤੇਗਾਂ ਮਾਰੀਆਂ ਦਾ ।
ਬਜਬਜ ਜਲਿਆਂ ਵਾਲਾ ਤੇ ਨਨਕਾਣਾਂ,
ਸਤਰ ਭੰਗ ਹੋਣਾ ਭੈਣਾਂ ਪਿ ਆਰੀਆਂ ਦਾ ।
ਛਿਤਰ ਲਾਠੀਆਂ ਗੁਰੂ ਕ ਬਾਗ ਬੀਬਾ,
ਵਾਹ ਇਨਾਮ ਮਿਲਿਆ ਵਫ ਦਾਰੀਆਂ ਦਾ ।

ਮੈਂ ਗਦਰ ਵਿਚੋਂ ਤੈਨੂੰ ਰੱਖ ਲੀਤਾ, ਮੈਨੂੰ ਪਤਾ ਨਾਹੀਂ ਤੇਰੇ ਛਲ ਦਾ ਸੀ ।
ਤੇਰੀ ਦੋਸਤ ਨੂੰ ਪਿਆ ਫਲ ਕੌੜਾ "ਤਾਜਵਰ" ਤਾਂਘੀ ਮਿਠੇ ਫਲ ਦਾ ਸੀ ।

(ਗੋਰਾ)

ਯੱਯਾ ਯੋਗ ਹੈ ਨਾਲ ਤਲਵਾਰ ਦੇ ਮੈਂ,
ਰਖਾਂ ਬਾਗੀਆਂ ਤਾਈਂ ਦਬਾਇ ਕਾਲੇ।
ਜੇਹੜਾ ਕਹੇ ਨ "ਜੀ ਹਜ਼ੂਰ" ਮੈਨੂੰ,
ਮਨ ਭਾਂਵਦੀ ਦਵਾਂ ਸਜ਼ਾਇ ਕਾਲੇ।
ਝੰਡੇ ਯੂਨੀਅਨ ਜੈਕ ਨੂੰ ਨਿਵੇਂ ਨ ਜੋ,
ਦਵਾਂ ਜੋਰ ਦੇ ਨਾਲ ਝੁਕਾਇ ਕਾਲੇ।
ਮੰਨੇ ਨਹੀਂ ਕਾਨੂੰਨ ਜੋ ਸਿਰ ਮਥੇ,
ਮਾਰ ਗੋਲੀਆਂ ਦਵਾਂ ਉਡਾਇ ਕਾਲੇ।
ਯੱਗ ਵਿਚ ਨ ਰਿਹਾ ਹੈ ਕੋਈ, ਆਕੀ ਪਾਤਸ਼ਾਹਾਂ ਤੋਂ ਕਦੀ ਗੁਲਾਮ ਹੋਕੇ।
ਨਫ਼ਾ "ਤਾਜਵਰ" ਕੱਖ ਨਹੀਂ ਖਟਣਾ ਤੂੰ, ਮੇਰੇ ਰੂਬਰੂ ਅਜ ਮੁਜਾਹਮ ਹੋਕੇ।

(ਕਾਲਾ)

ਰਰਾ ਰਖਿਆ ਕਿਸੇ ਹਮੇਸ਼ ਨਾਹੀਂ,
ਕਦੇ ਕਿਸੇ ਨੂੰ ਦੱਬ ਜਹਾਨ ਅੰਦਰ।
ਤੈਥੋਂ ਵਧ ਅਨੇਕ ਗੁਰੂਰ ਵਾਲੇ,
ਦਫ਼ਾ ਹੋਏ ਆਕੇ ਹਿੰਦੋਸਤਾਨ ਅੰਦਰ।
ਹਿੰਦੋਸਤਾਨ ਦੇ ਰਾਜ ਦੇ ਕਈ ਹਿਰਸੀ,
ਅਸਾਂ ਦੱਬ ਛੱਡੇ ਸ਼ਮਸਾਨ ਅੰਦਰ।
ਫ਼ਰਕ ਅਸਾਂਵੀ ਰਤਾ ਨਹੀਂ ਆਉਣ ਦੇਣਾ,
ਹਿੰਦੋਸਤਾਨ ਦੀ ਸ਼ਾਨ ਤੇ ਆਨ ਅੰਦਰ।
ਰੈਹਣਾ ਅਸਾਂ ਹਮੇਸ਼ ਨ ਹਿੰਦ ਅੰਦਰ, ਦਿੱਤਾ ਪਾਂਬਰਾਂ ਦੈਂਤ ਪਤੰਦਰਾਂ ਨੂੰ।
ਕਿਵੇਂ "ਤਾਜਵਰ" ਅੱਜ ਗੁਲਾਮ ਹੋਕੇ, ਮੰਨੇ ਸ਼ਾਹਿਨਸ਼ਾਹ ਮਤੰਦਰਾਂ ਨੂੰ।

"ਗੋਰਾ"

ਲੱਲਾ ਲੈ ਹੁਣ ਹੱਥ ਦਿਖਾਵਦਾ ਹਾਂ,
ਜ਼ਰਾ ਆਪਣਾ ਆਪ ਸੰਭਾਲ ਕਾਲੇ।

ਵੇਲਾ ਯਾਦ ਕਰਸੋ ਜਦੋਂ ਸਿਰ ਤੇਰੇ,
ਉਤੇ ਆਣ ਛੁਟੇ ਗੋਲੇ ਟਾਲ ਕਾਲੇ।
ਲੂਇਸ ਗੱਨ ਮਸ਼ੀਨ ਤੇ ਰਾਈਫਲਾਂ ਨੇ,
ਜਦੋ ਗੋਲੀਆਂ ਦੀ ਬੰਨੀ ਪਾਲ ਕਾਲੇ।
ਨਾਲੇ ਆਏ ਹਵਾਈ ਜਹਾਜ਼ ਜਿਸ ਦਮ,
ਭੇਸ ਧਾਰਕੇ ਕਾਲ ਕਲਾਲ ਕਾਲੇ।
ਲੱਥ ਜਾਊ, ਮਸਤੀ ਝੱਟ ਪੱਟ ਤੇਰੀ, ਪਤਾ ਲੱਗ ਜਾਸੀ ਮੇਰੇ ਜ਼ੋਦਾ ਵੀ।
ਠੰਡੇ ਦੁਧ ਫੂਕਾਂ ਮਾਰੇ "ਤਾਜਵਰ" ਜੋ, ਜਦੋਂ ਮਿਟੂ ਰ ਤਾ ਇਤੋ ਗੋਰਦਾ ਈ।

"ਕਾਲਾ"

ਵੱਡਾ ਵੈਹਸੀਆ ਅਸਾਂ ਹੈ ਸਮਝ ਲੀਤਾ,
ਤੇਰੀ ਜਾਨ ਹੈ ਵਿੱਚ ਬਿਓਪਾਰ ਦੇ ਓਏ।
ਤੇਰਾ ਲਾਮ ਲਸ਼ਕਰ ਸਭੋ ਉਡ ਜਾਸੀ,
ਨਾਲ ਚਰਖੜੇ ਦੀ ਕਲਦਾਰ ਦੇ ਓਏ।
ਖਦਰ ਤੋਪ ਸਾਡੀ ਕਰੂ ਗਰਕ ਤੇਰੇ,
ਸਾਰੇ ਕਾਰਖਾਨੇ ਲੰਕਾ ਸ਼ਾਰਦੇ ਓਏ।
ਤੇਰੇ ਬੰਬ ਗੋਲੇ ਅਸਾਂ ਰੋਕ ਲੈਣੇ,
ਹੱਥ ਸ਼ਾਂਤਮਈ ਦੀ ਢਾਲ ਧਾਰ ਕੇ ਓਏ।
ਵਾਲ ਹੋਵਣਾ ਨਹੀਂ ਸਾਡਾ "ਤਾਜ" ਵਿੰਗਾ, ਰੇਹਸੀ ਕੱਖ ਤੇਰਾ ਨ ਚੰਡਾਲ ਵਿੱਲੇ।
ਨਰਕ ਟਾਪੂਆਂ ਨੂੰ ਭੁੱਜ ਜਾਏਗਾ ਓਇ, ਕਰਕੇ ਬਿਜਤ ਤੇ ਤੂੰ ਗੋ [illegible] ਮਾ [illegible] ਵਿੱਲੇ।

ਕਬਿੱਤ॥

ਖਾਲਸਾ ਜੀ ਛਡੋ ਐਸ ਮੌਜ ਤੇ ਬਹਾਰ ਤਾਈਂ,
ਨਾਭੇ ਚਲੋ ਪੱਕਾ ਹੁਣ ਮੋਰਚਾ ਜਮਾ ਦਿਓ।
'ਤੇਰਾ ਘਰ ਸੋ ਮੇਰਾ ਘਰ' ਉਥੇ ਗੁਰਾਂ ਆਖਿਆ ਸੀ,
ਓਸ ਘਰ ਵਾਲੀ ਰੱਖ ਸ਼ਾਨ ਨੂੰ ਵਿਖਾ ਦਿਓ।
ਦਸ ਦਿਓ ਜਾਲਮਾਂ ਨੂੰ ਹੱਟਣਾਂ ਨਹੀਂ ਅਸੀ ਪਿਛਾਂ,

ਬੇ ਸ਼ਕ ਸਾਡੇ ਉਤੇ ਗੋਲੀ ਬੀ ਚਲਾ ਦਿਓ।
'ਗੁਰੂ ਘਰ' ਉਤੋਂ ਬੀਰੋ ਤਨ ਮਨ ਵਾਰ ਦੇਵੇ।
ਰਿਪੁਦਮਨ ਸਿੰਘ ਤਾਈਂ ਮੁੜ ਗੱਦੀ ਤੇ ਬਹਾ ਦਿਓ।
ਤਾਰੂ ਸਿੰਘ ਵਾਂਗ ਚਲ ਖੋਪਰੀ ਲੁਹਾਓ ਉਥੇ,
ਮਨੀ ਸਿੰਘ ਵਾਂਗ ਬੰਦ ਬੰਦ ਬੀ ਕਟਾ ਦਿਓ।
'ਸ਼ਬਾਜ' ਤੇ ਸਬੇਗ ਵਾਂਗ ਚਰਖੜੀ ਤੇ ਚਾੜ ਦੇਵਨ,
ਸਿੱਖੀ ਆਨ ਸ਼ਾਨ ਤਾਈਂ ਰਖਕੇ ਵਿਖਾ ਦਿਓ।
ਐਸਾ ਹੁਣ ਮੋਰਚਾ ਲਗਾਓ ਪਿਆਰੇ ਖਾਲਸਾ ਜੀ,
ਨੌਕਰਸ਼ਾਹੀ ਵਾਲੇ ਹੁਣ ਛਿਕੇ ਚਾ ਛੁਡਾ ਦਿਓ।
ਗੁਰੂ ਘਰ ਉਤੋਂ ਬੀਰ ਤਨ ਮਨ ਵਾਰ ਦੇਵੇ,
ਰਿਪੁਦਮਨ ਸਿੰਘ ਤਾਈਂ ਮੁੜ ਗੱਦੀ ਤੇ ਬਹਾ ਦਿਓ।

ਨਰਿੰਦਰ ਸਿੰਘ "ਆਜਜ਼"

## ਖੁਸ਼ਖਬਰੀ

ਹਰ ਇਕ ਸਿਖ ਪ੍ਰਤੀ ਏਹ ਪਰਗਟ ਕਰ ਦੇਣਾ ਜਰੂਰੀ ਅਮਰ ਹੈ ਕਿ ਸ੍ਰੀ ਅਮ੍ਰਿਤਸਰ ਜੀ ਸਾਹਿਬ ਵਿਖੇ ਗੁਰੂ ਖਾਲਸਾ ਅਕਾਲੀ ਏਜੰਸੀ ਕੈਮ ਕੀਤੀ ਗਈ ਹੈ। ਜਿਸ ਵਿਚ ਗੁਰਮੁਖੀ ਦੀਆਂ ਹਰ ਪ੍ਰਕਾਰ ਦੀਆਂ ਮਨੋਹਰ ਪੁਸਤਕਾਂ ਤੇ ਗ੍ਰੰਥ ਸਸਤੇ ਤਿਆਰ ਕਰਕੇ ਖਾਲਸਾ ਪੰਥ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਪਤਾਃ—ਗੁਰੂ ਖਾਲਸਾ ਅਕਾਲੀ ਏਜੰਸੀ
ਮੈਨੇਜਰ ਸ੍ਰੀ ਅਮ੍ਰਿਤਸਰ ਜੀ

੧।